# ਲੈਨਿਨ ਦੇ ਜਨਮ ਦੀ 141 ਵੀਂ ਵਰ੍ਹੇਗੰਢ

22 ਅਪ੍ਰੈਲ 2011 ਨੂੰ ਲੈਨਿਨ ਦੇ ਜਨਮ ਦੀ 141 ਵੀਂ ਵਰ੍ਹੇਗੰਢ ਦੁਨੀਆ ਭਰ ਵਿਚ ਮਨਾਈ ਗਈ। ਦੁਨੀਆ ਭਰ ਦੀਆਂ ਕਮਿਊਨਿਸਟ ਅਤੇ ਸੋਸ਼ਲਿਸਟ ਪਾਰਟੀਆਂ ਨੇ ਲੈਨਿਨ ਦੇ ਕੰਮ ਅਤੇ ਜ਼ਿੰਦਗੀ ਬਾਰੇ ਖ਼ਾਸ ਲੇਖ ਲਿਖੇ ਅਤੇ ਪ੍ਰੋਗਰਾਮ ਕੀਤੇ। ਕਿਊਬਾ, ਚੀਨ, ਵਿਅਤਨਾਮ, ਉਤਰੀ ਕੋਰੀਆ ਅਤੇ ਹੋਰ ਕਈ ਮੁਲਕਾਂ ਵਿਚ ਬਹੁਤ ਵੱਡੇ ਪ੍ਰੋਗਰਾਮ ਹੋਏ।

ਲੈਨਿਨ ਰੂਸ ਦੇ ਅਕਤੂਬਰ ਇਨਕਲਾਬ ਦੇ ਆਗੂ, ਇਨਕਲਾਬੀ ਚਿੰਤਕ ਅਤੇ ਸਿਧਾਂਤਕਾਰ ਸੀ। ਉਸਨੇ ਕਾਰਲ ਮਾਰਕਸ ਦੀ ਸੇਧ ਨੂੰ ਅੱਗੇ ਵਧਾਇਆ ਅਤੇ ਇਸ ਨਾਲ ਲੈਨਿਨਿਜ਼ਮ ਹੋਂਦ ਵਿਚ ਆਇਆ। ਲੈਨਿਨ ਨੇ ਇਨਕਲਾਬ ਦੇ ਦਾਅ ਪੇਚ ਅਤੇ ਰਣਨੀਤੀ ਵੱਲ ਖ਼ਾਸ ਤਵੱਜੋ ਦੇ ਕੇ ਰੂਸੀ ਇਨਕਲਾਬ ਨੂੰ ਸੇਧ ਦਿਤੀ।

ਲੈਨਿਨ ਅਤੇ ਬਾਲਸ਼ਵਿਕ ਪਾਰਟੀ ਦੀ ਅਗਵਾਈ ਵਿਚ ਦੁਨੀਆ ਵਿਚ ਦੱਬੇ ਕੁਚਲੇ ਲੋਕਾਂ ਦੀ ਆਸ ਇਕ ਹਕੀਕਤ ਬਣਨ ਲਈ ਰਾਹ ਬਣਿਆ। ਰੂਸੀ ਇਨਕਲਾਬ ਦੀ ਅਗਵਾਈ ਕਰਨ ਵਾਲੀ ਤੇ ਇਨਕਲਾਬੀ ਲਹਿਰ ਦੀ ਰੀੜ੍ਹ ਦੀ ਹੱਡੀ ਪੀਤਰੋਗਰਾਦ ਦਾ ਮਜ਼ਦੂਰਾਂ, ਕਿਸਾਨਾਂ ਅਤੇ ਫੌਜੀਆਂ ਦਾ ਸੋਵੀਅਤ ਸੀ। ਅਪ੍ਰੈਲ 1917 ਵਿਚ ਲੈਨਿਨ ਨੇ ਨਾਅਰਾ ਦਿਤਾ ਕਿ *"ਸਾਰੀ ਤਾਕਤ ਸੋਵੀਅਤਾਂ ਨੂੰ"* । ਇਸ ਨਾਅਰੇ ਹੇਠ ਮਜ਼ਦੂਰਾਂ, ਕਿਸਾਨਾਂ ਅਤੇ ਸਿਪਾਹੀਆਂ ਨੇ ਅਕਤੂਬਰ 1917 ਵਿਚ ਸਿਆਸੀ ਤਾਕਤ ਆਪਣੇ ਹੱਥ ਵਿਚ ਲੈ ਲਈ ਸੀ। ਹੇਤੀ ਦੇ ਇਨਕਲਾਬ ਦੇ ਬਾਅਦ ਦੁਨੀਆ ਵਿਚ ਇਹ ਦੂਜੀ ਘਟਨਾ ਸੀ ਜਿੱਥੇ ਦੱਬੇ ਕੁਚਲੇ ਲੋਕਾਂ ਨੇ ਰਾਜਿਆਂ ਦਾ, ਲੋਕਾਂ ਨੂੰ ਗੁਲਾਮ ਕਰਨ ਵਾਲਿਆਂ ਦਾ, ਜੂਲਾ ਲਾਹ ਕੇ ਆਪਣਾ ਰਾਜ ਕਾਇਮ ਕਰ ਲਿਆ ਸੀ।

ਸੋਵੀਅਤ ਰਾਜ ਕਾਇਮ ਹੋਣ ਦੇ ਇਕਦਮ ਬਾਅਦ ਹੀ ਇੰਗਲੈਂਡ, ਅਮਰੀਕਾ, ਫਰਾਂਸ ਅਤੇ ਹੋਰ 18 ਸਾਮਰਾਜੀ ਮੁਲਕਾਂ ਨੇ ਇਸ ਦੱਬੇ ਕੁਚਲੇ ਲੋਕਾਂ ਦੇ ਦੇਸ਼ ਤੇ ਹਮਲਾ ਕਰ ਦਿਤਾ ਤੇ ਇਸ ਨਵੀਂ ਤਾਕਤ ਦਾ ਜੰਮਦਿਆਂ ਹੀ ਗਲ ਘੁੱਟਣ ਦੀ ਕੋਸ਼ਿਸ਼ ਕੀਤੀ। ਮਜ਼ਦੂਰ ਕਿਸਾਨਾਂ ਅਤੇ ਸਿਪਾਹੀਆਂ ਨੇ ਲਾਲ ਫੌਜ ਬਣਾ ਕੇ ਇਸ ਹਮਲੇ ਦਾ ਬਹੁਤ ਦਲੇਰੀ ਅਤੇ ਬਹਾਦਰੀ ਨਾਲ ਜਵਾਬ ਦਿਤਾ ਅਤੇ ਦੁਨੀਆ ਦੇ ਲੋਕਾਂ ਲਈ ਇਕ ਮਿਸਾਲ ਕਾਇਮ ਕੀਤੀ ਕਿ ਪਸਮਾਂਦਾ ਲੋਕ ਸਿਆਸੀ ਤਾਕਤ ਬਰਕਰਾਰ ਰਖ ਸਕਦੇ ਹਨ ਅਤੇ ਸਾਮਰਾਜੀ ਲੁਟੇਰਿਆਂ ਤੋਂ ਬਚਾ ਸਕਦੇ ਹਨ।

ਲੈਨਿਨ ਨੇ ਬਸਤੀਵਾਦ ਵਲੋਂ ਕੁਚਲੇ ਹੋਏ ਲੋਕਾਂ ਦੇ ਘੋਲ ਦੀ ਪੂਰੀ ਇਮਦਾਦ ਕੀਤੀ ਅਤੇ ਇਸ ਘੋਲ ਵਿਚ ਜਿਹੜਾ ਗੰਧਲਾਅ ਸੀ ਉਸ ਬਾਰੇ ਵੀ ਕਾਫ਼ੀ ਚਾਨਣਾ ਪਾਇਆ। ਰੂਸ ਦੇ ਇਨਕਲਾਬ ਤੋਂ ਹਿੰਦੁਸਤਾਨ ਦੇ ਲੋਕ ਅਤੇ ਇਨਕਲਾਬੀਆਂ, ਜੋ ਕਿ ਉਸ ਵੇਲੇ ਅੰਗਰੇਜ਼ਾਂ ਦੇ ਖ਼ਿਲਾਫ਼ ਘੋਲ ਚਲਾ ਰਹੇ ਸੀ, ਨੂੰ ਬਹੁਤ ਹੀ ਉਤਸ਼ਾਹ ਮਿਲਿਆ। ਸੈਂਕੜੇ ਹੀ ਇਨਕਲਾਬੀਆਂ ਦੇ ਜਥੇ ਰੂਸ ਗਏ ਅਤੇ ਉਥੋਂ ਦੇ ਹਾਲਾਤ ਤੋਂ ਜਾਣੂ ਹੋ ਕੇ ਉਸ ਇਨਕਲਾਬ ਦੇ ਸਬਕ ਸਿੱਖ ਕੇ ਵਾਪਸ ਹਿੰਦੁਸਤਾਨ ਆਏ ਅਤੇ ਇਨਕਲਾਬੀ ਘੋਲ ਵਿਚ ਹਿੱਸਾ ਪਾਇਆ। ਗਦਰ ਪਾਰਟੀ ਦੇ ਕਈ ਜਥੇ ਬਾਬਾ ਸੰਤੋਖ ਸਿੰਘ ਅਤੇ ਬਾਬਾ ਰਤਨ ਸਿੰਘ ਦੀ ਅਗਵਾਈ ਅਤੇ ਸੇਧ ਨਾਲ ਰੂਸੀ ਇਨਕਲਾਬ ਅਤੇ ਮਜ਼ਦੂਰ ਕਿਸਾਨਾਂ ਦੇ ਰਾਜ ਤੋਂ ਸਬਕ ਸਿੱਖ ਕੇ ਵਾਪਸ ਹਿੰਦੁਸਤਾਨ ਆਏ ਅਤੇ ਹਿੰਦੁਸਤਾਨ ਆ ਕੇ ਕਮਿਊਨਿਸਟ ਪਾਰਟੀ ਕਾਇਮ ਕਰਨ ਵਿਚ ਹਿੱਸਾ ਪਾਇਆ। ਬਾਬਾ ਭਗਤ ਸਿੰਘ ਬਿਲਗਾ ਅਤੇ ਬਾਬਾ ਬੂਝਾ ਸਿੰਘ ਅਤੇ ਹੋਰ ਗਦਰੀਆਂ ਨੇ ਪੰਜਾਬ ਵਿਚ ਇਸ ਇਨਕਲਾਬੀ ਕੰਮ ਨੂੰ ਬਹੁਤ ਕੁਰਬਾਨੀਆਂ ਦੇ ਕੇ ਅਗਵਾਈ ਦਿਤੀ।

ਲੈਨਿਨ ਨੇ ਇਹ ਚੇਤਾਵਨੀ ਵੀ ਦਿਤੀ ਸੀ ਕਿ ਜੇ ਰੂਸ ਦੇ ਮਜ਼ਦੂਰ ਕਿਸਾਨ ਅਤੇ ਆਮ ਲੋਕ ਚੌਕਸ ਨਾ ਰਹੇ ਤਾਂ ਲੋਕਾਂ ਦੀ ਇਹ ਤਾਕਤ ਉਨ੍ਹਾਂ ਤੋਂ ਖੁੱਸ ਜਾਵੇਗੀ ਅਤੇ ਲੋਟੂਆਂ ਦਾ ਰਾਜ ਮੁੜ ਕੇ ਕਾਇਮ ਹੋ ਜਾਵੇਗਾ ਅਤੇ ਲੋਕਾਂ ਦਾ ਰਾਜ ਖ਼ਤਮ ਹੋ ਜਾਵੇਗਾ। ਲੈਨਿਨ ਦੀ ਇਹ ਪੇਸ਼ੀਨਗੋਈ ਸੱਚੀ ਸਾਬਤ ਹੋਈ। ਜਦ ਲੋਕ ਚੌਕਸ ਨਾ ਰਹਿ ਸਕੇ ਤੇ ਹੌਲੀ ਹੌਲੀ ਕਮਿਊਨਿਸਟ ਪਾਰਟੀ ਦਾ ਕਿਰਦਾਰ ਬਦਲ ਗਿਆ। ਸਮਾਜਵਾਦ ਦੀ ਉਸਾਰੀ ਦੇ ਦੌਰਾਨ ਸਾਹਮਣੇ ਆਏ ਮਸਲਿਆਂ ਨੂੰ ਸਮਝਣ ਤੇ ਹੱਲ ਕਰਨ ਵਿਚ ਕਮਿਊਨਿਸਟ ਆਗੂ ਅਸਫ਼ਲ ਰਹੇ ਤੇ ਸਰਮਾਏਦਾਰੀ ਦੇ ਰਾਹ ਪੈ ਗਏ। ਪਾਰਟੀ ਨੇ ਹੌਲੀ ਹੌਲੀ ਲੋਕਾਂ ਤੋਂ ਸਾਰੀ ਤਾਕਤ ਹਥਿਆ ਲਈ। ਆਮ ਲੋਕ ਬਿਲਕੁਲ ਤਾਕਤਹੀਨ ਹੋ ਗਏ ਅਤੇ ਕਮਿਊਨਿਸਟ ਪਾਰਟੀ ਦੂਜਿਆਂ ਮੁਲਕਾਂ ਵਾਂਗ ਹੀ ਹਾਕਮ ਟੋਲੇ ਦੀ ਪਾਰਟੀ ਬਣ ਗਈ। ਸੋਵੀਅਤ ਯੂਨੀਅਨ ਇਕ ਸਾਮਰਾਜੀ ਤਾਕਤ ਬਣ ਗਿਆ ਤੇ ਕੌਮਾਂ ਅਤੇ ਲੋਕਾਂ ਲਈ ਕੈਦਖਾਨਾ ਬਣ ਗਿਆ। ਲੋਕ ਇਨ੍ਹਾਂ ਹਾਲਤਾਂ ਤੋਂ ਏਨਾ ਤੰਗ ਆ ਗਏ ਕਿ 1989 ਵਿਚ ਆਖੀਰ ਇਹ ਸੋਵੀਅਤ ਯੂਨੀਅਨ ਨੂੰ ਲੋਕਾਂ ਨੂੰ ਆਪ ਢਾਉਣਾ ਪਿਆ। ਪਰ ਇਸ ਨਾਲ ਵੀ ਲੋਕਾਂ ਦੇ ਹੱਕ ਤਸਲੀਮ ਨਹੀਂ ਹੋਏ ਕਿਉਂਕਿ ਦੁਨੀਆਂ ਦੀਆਂ ਸਾਮਰਾਜੀ ਤਾਕਤਾਂ ਦੀ ਮੱਦਦ ਨਾਲ ਹਾਕਮ ਟੋਲਾ ਉਪਰ ਹੀ ਰਿਹਾ। ਪੁਰਾਣਾ ਸੋਵੀਅਤ ਯੂਨੀਅਨ ਦਾ ਢਾਂਚਾ ਤਾਂ ਜ਼ਰੂਰ ਖੇਰੂੰ ਖੇਰੂੰ ਹੋ ਗਿਆ ਪਰ ਨਵੀਂ ਉਸਾਰੀ ਦੀ ਕੋਈ ਗੱਲ ਨਹੀਂ ਹੋਈ। ਤਾਕਤ ਪਹਿਲਾਂ ਵਾਂਗ ਹਾਕਮ ਟੋਲੇ ਦੇ ਹੱਥ ਹੀ ਰਹੀ। ਲੋਕਾਂ ਦੀ ਜ਼ਿੰਦਗੀ ਪਹਿਲਾਂ ਵਾਂਗ ਹੀ ਮੁਸ਼ਕਲਾਂ ਭਰਪੂਰ ਰਹੀ ਤੇ ਹੈ। ਐਸ ਵੇਲੇ ਦੁਨੀਆ ਦੇ ਹੋਰਨਾਂ ਮੁਲਕਾਂ ਵਾਂਗ ਰੂਸ ਦੇ ਲੋਕ ਵੀ ਆਪਣੀ ਖੁੱਸੀ ਹੋਈ ਤਾਕਤ ਵਾਪਸ ਲੈਣ ਦੇ ਫਿਕਰ ਵਿਚ ਹਨ। ਆਪਣੇ ਹੱਕਾਂ ਲਈ ਲੜ ਰਹੇ ਦੁਨੀਆ ਭਰ ਦੇ ਲੋਕਾਂ ਨੂੰ ਲੈਨਿਨ ਦਾ ਕੰਮ ਅਤੇ ਜ਼ਿੰਦਗੀ ਸਦਾ ਉਤਸ਼ਾਹ ਦਿੰਦੇ ਰਹਿਣਗੇ।